# ਨਮੂਨੇ ਦਾ ਪ੍ਰਸ਼ਨ ਪੱਤਰ
## ਪੰਜਾਬੀ
## 104
## ਬਾਰ੍ਹਵੀਂ *(XII)*

*Time allowed : 3 hours* — *Maximum Marks : 80*
*ਸਮਾਂ ੩ ਘੰਟੇ* — *ਅੰਕ 80*

**ਨੋਟ—ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ।**

**1. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ—** 1x5=5

ਆਰਮ ਸਟਰਾਂਗ ਅਤੇ ਉਹਦੇ ਸਾਥੀ ਜਿਹੜੇ ਪਹਿਲਾਂ ਚੰਨ 'ਤੇ ਜਾ ਕੇ ਉਤਰੇ ਸਨ, ਉਹ ਜਦ ਵਾਪਸ ਆਏ ਤਾਂ ਉਹਨਾਂ ਨੂੰ ਕਿਸੇ ਨੇ ਪੁੱਛਿਆ ਕਿ ਕਿਹੜੇ ਸਾਇੰਸਦਾਨ ਨੇ ਤੁਹਾਨੂੰ ਚੰਨ 'ਤੇ ਪਹੁੰਚਾਇਆ ਸੀ, ਉਹਨਾਂ ਦਾ ਜਵਾਬ ਸੀ ਨਿਊਟਨ ਨੇ। ਜੇ ਨਿਊਟਨ ਦੇ ਕੱਢੇ ਕੁਦਰਤੀ ਕਨੂੰਨ ਨਾ ਹੁੰਦੇ ਤਾਂ ਬਾਕੀ ਖੋਜ ਕਿਸ ਤਰ੍ਹਾਂ ਹੁੰਦੀ? ਪੰਜਾਬੀ ਵਿਚ ਕਹਾਵਤ ਹੈ ਕਿ ਬੂੰਦ-ਬੂੰਦ ਨਾਲ ਸਮੁੰਦਰ ਭਰਦਾ ਹੈ। ਇਕ ਆਦਮੀ ਤਜ਼ਰਬੇ ਅਤੇ ਵਿਚਾਰਾਂ ਕਰਕੇ ਕੁਝ ਗਿਆਨ ਪ੍ਰਾਪਤ ਕਰਦਾ ਹੈ। ਦੂਜਾ ਉਹਨਾਂ 'ਤੇ ਖੜਾ ਹੋ ਕੇ ਇਹਨਾਂ ਤਜ਼ਰਬਿਆਂ ਅਤੇ ਵਿਚਾਰਾਂ ਦੀ ਲੜੀ ਜਾਰੀ ਰੱਖਦਾ ਹੈ। ਤੀਜਾ ਹੋਰ ਅੱਗੇ। ਇਹ ਸਿਲਸਿਲਾ ਜਦ ਸਦੀਆਂ ਤੱਕ ਜਾਰੀ ਰਹਿੰਦਾ ਹੈ ਤਾਂ ਇਲਮ ਦਾ ਭੰਡਾਰ ਹਿਮਾਲਿਆ ਦੀਆਂ ਸਿਖਰਾਂ ਨੂੰ ਛੂੰਹਦਾ ਹੈ। ਇਨਸਾਨ ਨੇ ਕੁਝ ਸਦੀਆਂ ਵਿਚ ਬੇ-ਇੰਤਹਾ ਤਰੱਕੀ ਕੀਤੀ ਹੈ। ਕਿੱਥੇ ਖੁੰਦਰਾਂ ਵਿਚ ਰਹਿਣ ਵਾਲਾ ਵਣਮਾਣੂਸ ਅਤੇ ਕਿੱਥੇ ਪੰਜਾਹ ਮੰਜ਼ਲੇ ਮਕਾਨ ਵਿਚ ਰਹਿਣ ਵਾਲਾ, ਲਜ਼ੀਜ਼ ਤੋਂ ਲਜ਼ੀਜ਼ ਖਾਣ ਵਾਲਾ ਅਤੇ ਰੇਡੀਓ, ਟੈਲੀਵਿਜ਼ਨ ਅਤੇ ਟੈਲੀਫੋਨ ਦੁਆਰਾ ਸਾਰੇ ਸੰਸਾਰ ਦਾ ਦ੍ਰਿਸ਼ ਵੇਖਣ ਵਾਲਾ, ਦੈਵੀ ਗੁਣਾਂ ਵਾਲਾ ਮਨੁੱਖ, ਫੇਰ ਲੁੱਤਫ ਇਹ ਹੈ ਕਿ ਵਿਕਾਸ ਜਾਰੀ ਹੈ ਅਤੇ ਦਿਨੋ ਦਿਨ ਗੱਡੀ ਤੇਜ਼ ਹੋ ਰਹੀ ਹੈ। ਪਰਮਾਤਮਾ ਹੀ ਜਾਣੇ ਕਿ ਇਨਸਾਨ ਨੇ ਕਿੱਥੇ ਦਾ ਕਿੱਥੇ ਪਹੁੰਚਣਾ ਹੈ?

ClassResult.in

**(i)** ਉਪਰੋਕਤ ਪੈਰ੍ਹੇ ਵਿਚ ਕਿਸ ਸਾਇੰਸਦਾਨ ਦਾ ਨਾਂ ਆਇਆ ਹੈ?

**(ii)** ਚੰਨ 'ਤੇ ਜਾਣ ਵਾਲਾ ਪਹਿਲਾ ਵਿਅਕਤੀ ਕੌਣ ਸੀ?

**(iii)** ਬੂੰਦ-ਬੂੰਦ ਨਾਲ ਕੀ ਕਰਦਾ ਹੈ?

**(iv)** ਅੱਜ ਕੀ ਜਾਰੀ ਹੈ?

**(v)** ਆਦਮੀ ਤਜ਼ਰਬੇ ਅਤੇ ਵਿਚਾਰਾਂ ਕਰਕੇ ਕੀ ਪ੍ਰਾਪਤ ਕਰਦਾ ਹੈ?

2. ਹੇਠ ਲਿਖੇ ਵਿਸ਼ਿਆਂ ਵਿਚੋਂ **ਕਿਸੇ ਇੱਕ** ਉੱਤੇ (200-250 **ਸ਼ਬਦਾਂ ਦਾ**) ਲੇਖ ਲਿਖੋ— 10

(ੳ) ਪੰਜਾਬੀ ਲੋਕ-ਗੀਤ
(ਅ) ਇੰਟਰਨੈਟ ਦਾ ਵੱਧ ਰਿਹਾ ਪ੍ਰਭਾਵ
(ੲ) ਪਰਿਵਰਤਨ ਸੰਸਾਰ ਦਾ ਨਿਯਮ
(ਸ) ਸੋ ਕਿਉਂ ਮੰਦਾ ਆਖੀਐ

3. ਆਪਣੇ ਸ਼ਹਿਰ ਨੂੰ ਗੰਦਗੀ ਤੋਂ ਮੁਕਤ ਕਰਾਉਣ ਸੰਬੰਧੀ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। 5

**ਜਾਂ**

ਆਪਣੇ ਘਰ ਹੋਈ ਚੋਰੀ ਦੀ ਸੂਚਨਾ ਦੇਣ ਲਈ ਥਾਣੇ ਦੇ ਐੱਸ.ਐੱਚ.ਓ. ਨੂੰ ਇੱਕ ਪੱਤਰ ਲਿਖੋ।

4. (I) **(ੳ) ਹੇਠ ਲਿਖੇ ਸ਼ਬਦ ਜੋੜਾਂ ਵਿੱਚੋਂ ਸਹੀ ਸ਼ਬਦ ਜੋੜ ਚੁਣ ਕੇ ਲਿਖੋ। (ਛੋਟੇ ਉੱਤਰ ਵਾਲੇ ਪ੍ਰਸ਼ਨ)** 1X3=3

(1) ਬਲਦ ਨੇ ਬੱਚੇ ਦੇ..........................ਮਾਰੇ। (ਸਿੰਗ/ਸਿੰਘ)

(2) ਉਸਦੀ ਸਾਰੀ.........................ਖ਼ਤਮ ਹੋ ਗਈ। (ਪੂੰਝੀ/ਪੂੰਜੀ)

(3) ਤੁਹਾਡਾ ਮੇਜ਼ ਬਹੁਤ.......................ਹੈ। (ਵੱਡਾ/ਵੱਢਾ)

**(ਅ) ਹੇਠ ਲਿਖੇ ਸ਼ਬਦ ਜੋੜਾਂ ਵਿੱਚੋਂ ਸਹੀ ਵਿਕਲਪ ਚੁਣੋ—** 1X2=2

(1) ਵੇਹੜਾ

(ੳ) ਬੇਹਰਾ (ਅ) ਵਿਹੜਾ

(ੲ) ਬੇਹੜਾ (ਸ) ਬੈਹੜਾ

(2) ਗੋਬੀ

(ੳ) ਗੋਭੀ (ਅ) ਗੌਬੀ

(ੲ) ਗੇਹਲਾ (ਸ) ਗੋਭਿ

(II) **(ੳ) ਹੇਠ ਲਿਖੇ ਵਾਕਾਂ ਨੂੰ ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ—** 1X3=3

(1) ਓਹੋ ਤੁਸੀਂ ਇਹ ਕੀ ਕੀਤਾ

(2) ਅਧਿਆਪਕ ਨੇ ਕਿਹਾ ਮਿਹਨਤ ਸਫ਼ਲਤਾ ਦੀ ਕੁੰਜੀ ਹੈ।

(3) ਤ੍ਰੇਲ ਤੁਪਕਾ ਭਾਈ ਵੀਰ ਸਿੰਘ ਦੀ ਪ੍ਰਸਿੱਧ ਰਚਨਾ ਹੈ

ClassResult.in

**(ਅ) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਸਹੀ ਵਿਕਲਪ ਚੁਣ ਕੇ ਲਿਖੋ—** 1X2=2

(1) ਵਿਸਰਾਮ ਚਿੰਨ੍ਹ ਦਾ ਅਰਥ ਹੈ—

(ੳ) ਠਹਿਰਾਉ (ਅ) ਚੱਲਣਾ

(ੲ) ਉੱਠਣਾ (ਸ) ਬੈਠਣਾ

(2) ਇਸ ਚਿੰਨ੍ਹ ( !) ਨੂੰ ਕੀ ਕਹਿੰਦੇ ਹਨ?

(ੳ) ਪ੍ਰਸ਼ਨ ਚਿੰਨ੍ਹ (ਅ) ਡੰਡੀ

(ੲ) ਵਿਸਮਿਕ ਚਿੰਨ੍ਹ (ਸ) ਛੁੱਟ ਮਰੋੜੀ

(III) **(ੳ) ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ—** 1X3=3

(1) ਚਾਰ ਬਲਦ ਤੇ ਦੋ ਕਟੀਆਂ ਚਰਦੇ ਹਨ।

(2) ਕਹਿਰ ਕਮਲਿਆਂ ਤੂੰ ਇਹ ਕੀ ਕੀਤਾ?

(3) ਸੁਰਜੀਤ ਦੀ ਫੋਨ ਆਈ ਹੈ।

**(ਅ) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਸ਼ੁੱਧ ਵਿਕਲਪ ਚੁਣ ਕੇ ਲਿਖੋ—** 1X2=2

**i.** (1) ਮੇਰੇ ਕੋਲ ਪਰਮਾਤਮਾ ਦਾ ਦਿੱਤਾ ਸਭ ਕੁੱਝ ਹੈ।

(2) ਮੇਰੇ ਕੋਲ ਸਬ ਕੁੱਝ ਹੈ ਪਰਮਾਤਮਾ ਦਾ ਦਿੱਤਾ।

(3) ਪਰਮਾਤਮਾ ਦਾ ਦਿੱਤਾ ਮੇਰੇ ਕੋਲ ਸਭ ਕੁੱਝ ਹੈ।

(4) ਹੈ ਸਭ ਕੁੱਝ ਪਰਮਾਤਮਾ ਦਾ ਦਿੱਤਾ ਹੋਇਆ ਮੇਰੇ ਕੋਲ।

**ii.** (1) ਮੈਂ ਕਰਾਂਗੀ ਤੇਰੀ ਸਹਾਇਤਾ ਆਪ।

(2) ਮੈਂ ਤੇਰੀ ਸਹਾਇਤਾ ਆਪ ਕਰਾਂਗੀ।

(3) ਤੇਰੀ ਸਹਾਇਤਾ ਮੈਂ ਕਰਾਂਗੀ ਆਪ।

(4) ਤੇਰੀ ਸਹਾਇਤਾ ਕਰਾਂਗੀ ਮੈਂ ਆਪ।

(**IV**) **(ੳ) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਓ—** 1X3=3

(1) ਠੋਕ ਵਜਾ ਕੇ ਲੈਣਾ

(2) ਤੱਤੀ ਵਾਅ ਨਾ ਲੱਗਣਾ

(3) ਟਕੇ ਵਰਗਾ ਜਵਾਬ ਦੇਣਾ

**(ਅ) ਹੇਠ ਲਿਖੇ ਮੁਹਾਵਰਿਆਂ ਦਾ ਸਹੀ ਭਾਵਅਰਥ ਚੁਣੋ—** 1X2=2

(1) ਦੁੱਧ ਦਾ ਦੁੱਧ ਪਾਣੀ ਦਾ ਪਾਣੀ ਹੋਣਾ

(ੳ) ਪੂਰਾ ਇਨਸਾਫ਼ ਹੋਣਾ (ਅ) ਦੁੱਧ ਤੇ ਪਾਣੀ ਵੱਖ-ਵੱਖ ਹੋਣਾ

(ੲ) ਦੁੱਧ ਵਿੱਚ ਪਾਣੀ ਪਾਉਣਾ (ਸ) ਦੁੱਧ ਵਿੱਚੋਂ ਪਾਣੀ ਕੱਢਣਾ

(2) ਨਸੀਬ ਫੁੱਟ ਜਾਣੇ

(ੳ) ਕਿਸਮਤ ਚੰਗੀ ਹੋਣੀ (ਅ) ਕਿਸਮਤ ਮਾੜੀ ਹੋਣੀ

(ੲ) ਕਿਸਮਤ ਵਧੀਆ ਹੋਣੀ (ਸ) ਨਸੀਬ ਵਿੱਚ ਖੋਟ

5. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ— 8

ClassResult.in

ਕੌਣ ਸੁਣੇਗਾ ਡੁਸਕਦੀ ਬੰਸੀ
ਕੌਣ ਲਿਜਾਏ ਹੌਕਿਓਂ ਪਾਰ
ਦਰਿਆਵਾਂ ਨੂੰ ਲਾਂਬੂ ਲਗ ਗਏ
ਕੌਣ ਸੁਣੇ ਆਹਾਂ ਦੀ ਸ ਾਰ
ਕਿਹੀ ਭੈਣ ਕਿਹੜਾ ਵੀਰ
ਕਿਹੜੇ ਪੁੱਤਰ ਕਿਹੜੀ ਮਾਂ
ਰੁੱਖਾਂ ਦੇ ਹੇਠਾਂ ਮਰ ਗਈ ਛਾਂ
ਆਪਣੇ ਖ਼ੂਨ ਦੀ ਵਗੇ ਝਨਾਂ

ਜਾਂ

ਪਰ ਦਿਨ ਕੋਈ ਘਰੋਂ ਰੁੱਸ ਕੇ ਗਿਆ ਜੀਅ ਤਾਂ ਨਹੀਂ
ਜਿਸ ਦੀ ਕਦੀ ਕਿਤੇ ਦੱਸ ਪਵੇ, ਕਦੀ ਕਿਤੇ
ਤੇ ਫਿਰ ਕਿਸੇ ਸ਼ਾਮ ਉਹ ਫਟੇ ਹਾਲ ਘਰ ਆ ਜਾਵੇ
ਜਾਂ ਕਿਸੇ ਸਟੇਸ਼ਨ 'ਤੇ ਗੱਡੀ ਉਡੀਕਦਾ ਮਿਲ ਜਾਵੇ।

6. 'ਗੁਆਚਿਆ ਮੁੰਡਾ' ਨਾਵਲ ਵਿੱਚ ਨਾਵਲਕਾਰ ਨੇ ਕਿਹੜੀ ਸਮੱਸਿਆ ਤੇ ਰੌਸ਼ਨੀ ਪਾਈ ਹੈ? (125 ਤੋਂ 150 ਸ਼ਬਦਾਂ ਵਿੱਚ ਦੱਸੋ) 8

**ਜਾਂ**

'ਗੁਆਚਿਆ ਮੁੰਡਾ' ਨਾਵਲ ਦੇ ਮੁੱਖ ਪਾਤਰ ਦੀ ਪਾਤਰ ਉਸਾਰੀ ਕਰੋ।

7. 'ਵਹਿੰਗੀ' ਕਹਾਣੀ ਦਾ ਮੰਤਵ ਸਪਸ਼ੱਟ ਕਰੋ। 8

**ਜਾਂ**

"ਆਪਣਾ-ਆਪਣਾ ਹਿੱਸਾ" ਕਹਾਣੀ ਕਿਸ ਸਮੱਸਿਆ ਨੂੰ ਚਿਤਰਦੀ ਹੈ?

8. (**i**) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਸਹੀ ਵਿਕਲਪ ਚੁਣ ਕੇ ਲਿਖੋ— 1X4=**4**

(1) 'ਤਿੰਨ ਦਿਨ ਦਾ ਬੇਈਮਾਨ' ਕਹਾਣੀ ਦੇ ਮੁੱਖ ਪਾਤਰ ਦਾ ਕੀ ਨਾਂ ਹੈ?

(ੳ) ਸਵਿੰਦਰ ਸਿੰਘ ਉਪੱਲ (ਅ) ਸਤਿੰਦਰ ਨਾਥ

(ੲ) ਸੰਤੋਖ ਸਿੰਘ (ਸ) ਸੁਨੀਲ ਕੁਮਾਰ

(2) ਕਰੁਣਾ ਦੀ ਬੇਟੀ ਦਾ ਕੀ ਨਾਂ ਹੈ?

(ੳ) ਲੀਨੂੰ (ਅ) ਤੋਸ਼ੀ

(ੲ) ਰਜਨੀ (ਸ) ਪੂਨਮ

(3) 'ਗੁਆਚਿਆ ਮੁੰਡਾ' ਨਾਵਲ ਕਿਸ ਤਰ੍ਹਾਂ ਦਾ ਨਾਵਲ ਹੈ?

(ੳ) ਕਾਲਪਨਿਕ ਨਾਵਲ (ਅ) ਜਾਸੂਸੀ ਨਾਵਲ

(ੲ) ਸਮਾਜਿਕ ਨਾਵਲ (ਸ) ਕਿਸ਼ੋਰ ਨਾਵਲ

(4) ਕਾਲਪਨਿਕ ਸੋਚ ਅਨੁਸਾਰ ਘੋਗੇ ਨੂੰ ਪੜ੍ਹਾਈ ਵਿੱਚ ਕੌਣ ਮਦਦ ਕਰਦਾ ਹੈ?

(ੳ) ਤੋਤਾ (ਅ) ਸੋਨ ਕਾਟੋ

(ੲ) ਚਿੜੀ (ਸ) ਕੋਇਲ

ClassResult.in

(**ii**) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ— 1X4=**4**

(1) ਤੋਸ਼ੀ ਕੌਣ ਹੈ?

(2) ਦੀਨਾ ਨਾਥ ਦੇ ਜਮਾਤੀ ਦਾ ਕੀ ਨਾਂ ਸੀ?

(3) ਸੋਨ ਕਾਟੋ ਕੀ ਹੈ?

(4) ਗੁਆਚਿਆ ਮੁੰਡਾ ਨਾਵਲ ਵਿੱਚ ਜ਼ਿਕਰ ਕੀਤੇ ਕਾਲੇ ਸਾਧ ਦੇ ਕੰਮ ਬਾਰੇ ਦੱਸੋ?

9. ਗੁਰਮਤਿ ਕਾਵਿ ਅਤੇ ਉਸ ਦੇ ਕਵੀਆਂ ਬਾਰੇ 150 ਤੋਂ 200 ਸ਼ਬਦਾਂ ਵਿੱਚ ਲਿਖੋ। 8

**ਜਾਂ**

ਸੂਫ਼ੀ ਕਾਵਿ ਦੇ ਨਿਕਾਸ ਤੇ ਵਿਕਾਸ ਬਾਰੇ 150 ਤੋਂ 200 ਸ਼ਬਦਾਂ ਵਿੱਚ ਚਾਨਣਾ ਪਾਓ।

## ਬਾਰ੍ਹਵੀਂ ਜਮਾਤ ਦੀ ਮੁੱਢਲੀ ਅੰਕ ਬਣਤਰ (ਕੁੱਲ ਅੰਕ 80) (ਅਪ੍ਰੈਲ 2019 ਤੋਂ ਮਾਰਚ 2020)

| ਕ੍ਰਮ ਨੰ. | ਸਿੱਖਣ ਸਿਖਾਉਣ ਦੀ ਮੁਲਾਂਕਣ ਵਿਧੀ/ਕੌਸ਼ਲ | ਛੋਟੇ ਪ੍ਰਸ਼ਨ 1 ਅੰਕ | ਲੰਮੇ ਪ੍ਰਸ਼ਨ 5, 8 ਅਤੇ 10 ਅੰਕ | ਅੰਕ | % |
|---|---|---|---|---|---|
| 1. | **ਪ੍ਰਸ਼ਨਾਂ ਦੀਆਂ ਕਿਸਮਾਂ ਯਾਦ ਰੱਖਣਯੋਗ** (ਪਾਠ ਪੁਸਤਕਾਂ ਤੇ ਅਧਾਰਤ) **ਸਾਹਿਤ** | 4(ਛੋਟੇ ਪ੍ਰਸ਼ਨ) (VSQ)<br>4(ਬਹੁਵਿਕਲਪੀ) (MCQ) | 3(8 ਅੰਕ ਵਾਲੇ)(SQ)<br>1(8 ਅੰਕ) (LQ) | 40 | 50.00% |
| 2. | **ਸਮਝ-ਸੂਝ ਅਧਾਰਤ** (ਗਿਆਨ ਬੋਧ-ਅਣਡਿੱਠਾ ਪੈਰਾ) | 5 (ਛੋਟੇ ਪ੍ਰਸ਼ਨ) (VSQ) | -- | 5 | 6.25% |
| 3. | **ਵਿਹਾਰਕ** (ਵਿਹਾਰਕ ਗਿਆਨ ਦੇ ਨਵੇਂ ਸਿਧਾਂਤ) | 12(ਛੋਟੇ ਪ੍ਰਸ਼ਨ)(VSQ)<br>8 (ਬਹੁਵਿਕਲਪੀ) (MCQ) | -- | 20 | 25.00% |
| 4. | **ਸਿਰਜਣਾਤਮਕ** (ਸਥਿਤੀ ਜਾਂ ਵਿਚਾਰ ਦੀ ਪਰਖ ਲਈ ਰਚਨਾਤਮਕ ਮੁਲਾਂਕਣ) | --- | 1(10 ਅੰਕ)(LQ)<br>1(5 ਅੰਕ)(LQ) | 15 | 18.75% |
| | **ਕੁਲ ਅੰਕ** | | | 80 | 100% |

ClassResult.in